ਡਿਜੀਟਲ ਤਿਮਾਹੀ ਪੱਤਰ ਅੰਕ : 1, ਨੰ: 1 (ਜੁਲਾਈ ਤੋਂ ਸਤੰਬਰ) 2020

www.gadvasu.in

ਪਹਿਲਾ ਅੰਕ

ਪਸ਼ੂ ਪਾਲਣ ਸੁਨੇਹੇ

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ (ਪੰਜਾਬ)

Vol 1, No 1, (July-September) 2020 'PASHU PALAN SUNEHE' ਅੰਕ 1, ਨੰ 1 (ਜੁਲਾਈ ਤੋਂ ਸਤੰਬਰ) 2020

ਸੰਪਾਦਕੀ ਬੋਰਡ

ਚੇਅਰਮੈਨ :

ਡਾ. ਹਰੀਸ਼ ਕੁਮਾਰ ਵਰਮਾ

ਮੈਂਬਰ :

ਡਾ. ਸੁਰੇਸ਼ ਕੁਮਾਰ ਕਾਂਸ਼ਲ

ਡਾ. ਮੀਰਾ ਡੀ ਆਂਸਲ

ਡਾ. ਪ੍ਰਲਾਦ ਸਿੰਘ ਤਨਵਰ

ਡਾ. ਐੱਸ ਸ਼ਿਵਾ ਕੁਮਾਰ

ਸੰਪਾਦਕ :

ਡਾ. ਰਾਕੇਸ਼ ਕੁਮਾਰ ਸ਼ਰਮਾ

ਡਾ. ਜਸਵਿੰਦਰ ਸਿੰਘ

ਸੰਪਰਕ :

ਨਿਰਦੇਸ਼ਾਲਾ ਪਸਾਰ ਸਿੱਖਿਆ
ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼, ਯੂਨੀਵਰਸਿਟੀ ਲੁਧਿਆਣਾ

0161-2553364
deegadvasuldh@gmail.com

youtube channel :
gadvasufarmerfriendlye_extension

ਯੋਗ ਅਗਵਾਈ 'ਚ ਨਵੀਆਂ ਪੁਲਾਂਘਾ

Dr. Inderjit Singh

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਆਪਣੇ ਹੋਂਦ ਤੋਂ ਲੈ ਕੇ ਲਗਾਤਾਰ ਪਸ਼ੂ-ਪਾਲਣ ਕਿੱਤਿਆਂ ਨੂੰ ਉੱਚਾ ਚੁੱਕਣ ਲਈ ਤੱਤਪਰ ਰਹੀ ਹੈ। ਵੱਖ-ਵੱਖ ਉੱਪ-ਕੁਲਪਤੀਆਂ ਨੇ ਇਸ ਯੂਨੀਵਰਸਿਟੀ ਨੂੰ ਪਸ਼ੂ ਸੈਕਟਰ ਵਿੱਚ ਇੱਕ ਸਿਰਮੋਰ ਸੰਸਥਾ ਬਣਾਉਣ ਲਈ ਆਪਣਾ-ਆਪਣਾ ਯੋਗਦਾਨ ਪਾਇਆ। ਹੁਣ ਇਹ ਸੰਸਥਾ ਦੀ ਅਗਵਾਈ ਸਰਕਾਰ ਨੇ ਬੜੇ ਹੀ ਯੋਗ ਸਾਇੰਸਦਾਨ ਡਾ. ਇੰਦਰਜੀਤ ਸਿੰਘ ਨੂੰ ਸੌਂਪੀ ਹੈ ਜਿਨ੍ਹਾਂ ਨੇ ਯੂਨੀਵਰਸਿਟੀ ਦੇ ਉੱਪ-ਕੁਲਪਤੀ ਵਜੋਂ ਕਾਰਜਕਾਰ ਸੰਭਾਲ ਲਿਆ ਹੈ। ਡਾ. ਇੰਦਰਜੀਤ ਸਿੰਘ ਇਸ ਤੋਂ ਪਹਿਲਾਂ ਪੰਜਾਬ ਪਸ਼ੂ ਪਾਲਣ ਮਹਿਕਮੇ ਵਿੱਚ ਬਤੌਰ ਨਿਰਦੇਸ਼ਕ ਵਜੋਂ ਸੇਵਾ ਨਿਭਾ ਰਹੇ ਸਨ। ਇਸ ਤੋਂ ਪਹਿਲਾਂ ਉਹਨਾਂ ਨੇ ਮੱਝਾਂ ਤੇ ਖੋਜ ਸਬੰਧੀ ਕੇਂਦਰੀ ਸੰਸਥਾ, ਹਿਸਾਰ (ਹਰਿਆਣਾ) ਵਿੱਚ ਵੀ ਬਤੌਰ ਨਿਰਦੇਸ਼ਕ ਕਾਰਜ਼ ਕੀਤਾ ਹੈ। ਡਾ ਇੰਦਰਜੀਤ ਸਿੰਘ ਪਸ਼ੂ ਪਾਲਕਾਂ ਵਿੱਚ ਬਹੁਤ ਹਰਮਨ ਪਿਆਰੇ ਹਨ ਕਿਉਂਕਿ ਆਪ ਜੀ ਪਸ਼ੂ ਪਾਲਕਾਂ ਦੀਆਂ ਮੁਸ਼ਕਿਲਾਂ ਨੂੰ ਜ਼ਮੀਨੀ ਪੱਧਰ ਤੇ ਸਮਝ ਕੇ ਹੱਲ ਕਰਦੇ ਹਨ। ਅਸੀਂ ਯੂਨੀਵਰਸਿਟੀ ਦਾ ਸਾਰਾ ਪਰਿਵਾਰ ਅਤੇ ਸਾਡੇ ਪਸ਼ੂ ਪਾਲਕ ਵੀਰ ਡਾ. ਇੰਦਰਜੀਤ ਸਿੰਘ ਜੀ ਨੂੰ ਜੀ ਆਇਆਂ ਆਖਦੇ ਹਾਂ ਤੇ ਸਾਨੂੰ ਯਕੀਨ ਹੈ ਕਿ ਯੂਨੀਵਰਸਿਟੀ ਆਪ ਜੀ ਦੀ ਯੋਗ ਅਗਵਾਈ ਵਿੱਚ ਨਵੀਆਂ ਉਚਾਈਆਂ ਛੋਹੇਗੀ ਤੇ ਨਵੇਂ ਕੀਰਤੀਮਾਨ ਬਣਾਵੇਗੀ। **ਜੀ ਆਇਆਂ ਨੂੰ .....**

ਮੁਲਕ ਅਤੇ ਸੂਬੇ ਵਿੱਚ ਪਸ਼ੂ ਪਾਲਣ ਦੀ ਸਥਿਤੀ

ਸ਼੍ਰੇਣੀ	ਭਾਰਤ	ਪੰਜਾਬ
ਮੱਝਾਂ	10.99 ਕਰੋੜ	40.16 ਲੱਖ
ਗਾਂਵਾਂ	19.25 ਕਰੋੜ	24.73 ਲੱਖ
ਦੁੱਧ (ਮਿਲੀਅਨ ਟਨ)	187.75	12.60
ਦੁੱਧ ਉਪਲੱਭਧਤਾ/ਵਿਅਕਤੀ/ਦਿਨ (ਗ੍ਰਾਮ)	394	1181
ਬੱਕਰੀਆਂ	14.88 ਕਰੋੜ	3.47 ਲੱਖ
ਭੇਡਾਂ	7.43 ਕਰੋੜ	0.86 ਲੱਖ
ਸੂਰ	0.91 ਕਰੋੜ	0.52 ਲੱਖ
ਆਂਡਿਆਂ ਦੀ ਪੈਦਾਵਾਰ	10.33 ਕਰੋੜ ਨੰਬਰ	559.09 ਕਰੋੜ
ਆਂਡਿਆਂ ਦੀ ਉਪਲੱਭਧਤਾ/ਵਿਅਕਤੀ/ਦਿਨ	79	191
ਮੀਟ ਉਤਪਾਦਨ (ਮਿਲੀਅਨ ਟਨ)	8.11	0.23

ਲੇਵੇ ਦੀ ਸੋਜ ਵਧਾਉਣ ਵਾਲੇ ਪਹਿਲੂ

- ਲਟਕਵਾਂ ਲੇਵਾ, ਪੋਲੀ ਧਾਰ, ਬਹੁਤ ਜਿਆਦਾ ਦੁੱਧ ਦੇਣਾ
- ਮੌਸਮ ਵਿੱਚ ਅਚਾਨਕੇਤ ਤਬਦੀਲੀ, ਜਿਆਦਾ ਗਰਮੀ ਅਤੇ ਨਮੀਂ ਵਾਲਾ ਮੌਸਮ
- ਪਸ਼ੂਆਂ ਨੂੰ ਹੀਲਾਂ ਬੰਨ ਕੇ ਰੱਖਣਾ ਉਬੜ-ਖਾਬੜ ਫਰਸ਼, ਗਿੱਲਾ ਫਰਸ਼, ਗੰਦਾ ਫਰਸ਼
- ਬਿਮਾਰ ਪਸ਼ੂਆਂ ਦਾ ਇਲਾਜ ਤੁਰੰਤ ਨਾ ਕਰਵਾਉਣਾ, ਤਿੱਲ ਰੋਗੇ ਪਸ਼ੂਆਂ ਦੀ ਛਾਂਟੀ ਨਾ ਕਰਨਾ
- ਖੁਰਾਕ ਵਿੱਚ ਸਲਾਈਆਂ ਵਸਤਾਂ ਦਾ ਇਸਤੇਮਾਲ, ਖਰੀਰ ਲੋੜ ਮਿੰਨਾ ਸੋਦਾ ਵਰਤਣਾ, ਖੁਰਾਕ ਵਿੱਚ ਅਚਾਨਕੇਤ ਤਬਦੀਲੀ ਕਰਨਾ, ਖੁਰਾਕ ਵਿੱਚ ਜਿਆਦਾ ਪ੍ਰੋਟੀਨ ਦਾ ਹੋਣਾ ਪਾਸ ਕਰਕੇ NPN
- ਚੁਆਈ ਖਤਮ ਹੋਣ ਉਪਰੰਤ ਕੱਪ ਨਾ ਉਤਾਰਨਾ, ਮਸ਼ੀਨ ਨੂੰ ਗੰਦੀ ਜਗ੍ਹਾ ਰੱਖਣਾ, ਕੱਪਾਂ ਅਤੇ ਪੁਰੀ ਲਾਈਨ ਨੂੰ ਸਾਫ ਨਾ ਕਰਨਾ
- ਚੁਆਈ ਵਾਲੀ ਮਸ਼ੀਨ ਵਿੱਚ ਨੁਕਸ ਹੋਣਾ (ਘਸੇ ਹੋਏ ਲਾਈਨਰ, ਖਰਾਬ ਪੁਲੇਸਟਰ, ਵੈਕਯੂਮ ਦਾ ਵੱਧ ਘੱਟ ਹੋਣਾ, ਦੁੱਧ ਵਾਲੀ ਪਾਈਪ ਦਾ ਭਰ ਜਾਣਾ ਆਦਿ)
- ਅੰਗੂਠੇ ਦੀ ਦਾਬ ਨਾਲ ਚੁਆਈ ਕਰਨਾ, ਗਿੱਲੇ ਥਣਾਂ ਦੀ ਚੁਆਈ ਕਰਨਾ, ਚੁਆਈ ਤੋਂ ਫੌਰਨ ਬਾਅਦ ਲਵੇਰੀ ਦਾ ਬੈਠ ਜਾਣਾ, ਥਣ ਫੋਕਾ ਨਾ ਦੇਣਾ, ਸੁਣ ਉਪਰੰਤ ਅਧੂਰੀ ਚੁਆਈ ਕਰਨਾ ਜਾਂ ਏਖੜਾ ਲਾਉਣਾ

ਪਸ਼ੂ ਪਾਲਕੋ ਇਹਨਾਂ ਵੱਲ ਵੀ ਧਿਆਨ ਦੇਵੋ..

ਪਸ਼ੂ ਦੀ ਖੜਨ ਜਾਂ ਬੈਠਣ ਦੀ ਸਥਿਤੀ ਜਾਂਚ ਕੇ ਬਿਮਾਰੀ ਦਾ ਪਤਾ ਲਗਾਉਣਾ

ਲੜੀ ਨੰ:	ਪਸ਼ੂ ਦੀ ਖੜਨ ਜਾਂ ਬੈਠਣ ਦੀ ਸਥਿਤੀ	ਸੰਭਾਵਤਨ ਬਿਮਾਰੀ
1	ਲਵੇਰੀ ਦਾ ਇੱਕ ਪਾਸੇ ਨੂੰ ਗਰਦਨ ਘੁਮਾ ਕੇ ਅਤੇ ਬੂਥੀ ਨੂੰ ਢੱਡੀ ਉੱਪਰ ਰੱਖ ਕੇ ਲੰਬੇ ਸਮੇਂ ਲਈ ਬੈਠੇ ਰਹਿਣਾ	ਸੂਤਕੀ ਬੁਖਾਰ (Milk Fever)
2	ਅਗਲੀਆਂ ਲੱਤਾਂ ਅਗਾਂਹ ਨੂੰ ਪਸਾਰ ਕੇ ਬੈਠੇ ਰਹਿਣਾ; ਗਰਦਨ ਸਿੱਧੀ ਰੱਖ ਕੇ ਅਤੇ ਮੂੰਹ ਅੱਡ ਕੇ ਸਾਹ ਲੈਣਾ	ਨਿਮੋਨੀਆ (Pneumonia)
3	ਪਿੱਠ ਊਠ ਦੀ ਤਰਾਂ ਉਤਾਂਹ ਨੂੰ ਚੁੱਕ ਕੇ ਖੜਨਾ, ਢਿੱਡ ਹੇਠਾਂ ਤੋਂ ਤਣਿਆ ਹੋਣਾ	ਪੇਟ ਦੀ ਅੰਦਰਲੀ ਝਿੱਲੀ ਦੀ ਸੋਜ (Peritonitis)
4	ਲੱਤਾਂ, ਪੂੰਛ, ਕੰਨ, ਜਬਾੜੇ ਅਤੇ ਗਰਦਨ ਵਿੱਚ ਅਕੜਾਅ	ਧਨੁਖਵਾਂ (Tetanus)
5	ਅਗਲੀ ਇੱਕ ਲੱਤ ਖੁਰਲੀ ਵਿੱਚ ਰੱਖ ਕੇ ਪੰਨੇ ਖਾਣਾ	ਖੂਨ ਵਿੱਚ ਮੈਗਨੀਸ਼ਿਅਮ ਦੀ ਕਮੀ
6	ਗੁਮਚੀਆਂ ਮੋਢ ਕੇ ਖੜਨਾ	ਖੂਨ ਵਿੱਚ ਮੈਗਨੀਸ਼ਿਅਮ ਦੀ ਕਮੀ
7	ਪਿਛਲੇ ਖੁਰ ਨੂੰ ਅਗਲੇ ਖੁਰਾਂ ਕੋਲ ਰੱਖ ਕੇ, ਪਿਛਲੀਆਂ ਲੱਤਾਂ ਬਿਲਕੁੱਲ ਸਿੱਧੀਆਂ ਕਰਕੇ ਅਤੇ ਢਿੱਡ ਨੂੰ ਉੱਪਰ ਨੂੰ ਚੁੱਕ ਕੇ ਖਲੋਣਾ	ਸੋਫਾਂ ਵਿੱਚ ਦਰਦ
8	ਖੱਬੀ ਕੁੱਖ ਥੜੀ ਹੋਣਾ, ਹੱਥ ਮਾਰਨ ਤੇ ਢੋਲ ਦੀ ਤਰ੍ਹਾਂ ਆਵਾਜ ਆਉਣਾ	ਅਫਾਰਾ
9	ਕਿੱਲ ਕੇ ਅਤੇ ਕੁੱਬੇ ਹੋ ਕੇ ਗੋਹਾ ਕਰਨਾ	ਅੰਤੜੀਆਂ ਵਿੱਚ ਬੰਨ
10	ਪੂੰਛ ਉਤਾਂਹ ਨੂੰ ਚੁੱਕ ਕੇ ਗੋਹਾ ਕਰਨਾ ਅਤੇ ਨਾਲ ਹੀ ਅੜਿਗਣਾਂ	ਢਿੱਡ ਦੇ ਤੀਸਰੇ ਹਿੱਸੇ ਵਿੱਚ ਬੰਨ
11	ਕੁੱਤਿਆਂ ਚੁਆਰਾ ਲੈਦਰੀਨ ਕਰਨ ਵਾਲੀ ਮੁੱਦਰਾ ਵਿੱਚ ਪਿਸ਼ਾਬ ਕਰਨਾ	ਮਸਾਨੇ ਦੀ ਸੋਜ
12	ਖੜੇ ਖੜੇ ਕਿਸੇ ਇੱਕ ਲੱਤ ਨੂੰ ਝੰਜੋੜਨਾ	ਖੁੰਰ-ਖੁਰ
13	ਜੁਬਾੜੇ ਉੱਪਰ ਸਖਤ ਸੋਜਿਸ਼	ਗਲਹੀਰਾਂ

ਪਸ਼ੂਆਂ ਦੇ ਕੋਰੋਨਾਵਾਇਰਸ

ਰਾਕੇਸ਼ ਕੁਮਾਰ ਸ਼ਰਮਾ ਅਤੇ ਹਰੀਸ਼ ਕੁਮਾਰ ਵਰਮਾ

ਪਿਛਲੇ ਕੁਝ ਮਹੀਨਿਆਂ ਤੋਂ ਦੁਨੀਆਂ ਭਰ ਵਿਚ ਇਕ ਮਹਾਂਮਾਰੀ ਦਾ ਪ੍ਰਕੋਪ ਚਲ ਰਿਹਾ ਹੈ। ਇਹ ਮਹਾਂਮਾਰੀ ਹੈ-ਕੋਵਿਡ-19 ਨਾਮ ਦੀ ਬਿਮਾਰੀ। ਇਸ ਬਿਮਾਰੀ ਨੇ ਦੁਨੀਆਂ ਦੇ ਲੱਗਭਗ ਸਾਰੇ ਹੀ ਦੇਸ਼ਾਂ ਵਿਚ ਕਹਿਰ ਮਚਾ ਕੇ ਰੱਖਿਆ ਹੋਇਆ ਹੈ। ਇਸ ਬਿਮਾਰੀ ਤੋਂ ਬਚਣ ਲਈ ਇਨਸਾਨਾਂ ਨੂੰ ਅਪਣੇ-ਅਪਣੇ ਘਰਾਂ ਵਿਚ ਹੀ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ। ਦਰਅਸਲ ਇਹ ਬਿਮਾਰੀ ਇਕ ਤਰਾਂ ਦੇ ਕੋਰੋਨਾਵਾਇਰਸ ਕਾਰਣ ਹੁੰਦੀ ਹੈ। ਇਸ ਲੇਖ ਵਿਚ ਅਸੀਂ ਪਸ਼ੂਆਂ ਦੇ ਕੋਰੋਨਾਵਾਇਰਸ ਨਾਲ ਜੁੜੀਆਂ ਬਿਮਾਰੀਆਂ ਬਾਰੇ ਲਿਖ ਰਹੇ ਹਾਂ। ਕੋਰੋਨਾਵਾਇਰਸ ਇੱਕ ਵਿਸ਼ਾਣੂਆਂ ਦਾ ਗਰੁੱਪ ਹੈ ਜਿਹੜਾ ਪੰਛੀਆਂ ਅਤੇ ਥਣਧਾਰੀ ਜੀਵਾਂ ਵਿਚ ਕਈ ਕਿਸਮ ਦੀਆਂ ਬਿਮਾਰੀਆਂ ਦਾ ਕਾਰਣ ਬਣਦਾ ਹੈ। ਮਨੁੱਖਾਂ ਵਿਚ ਇਹ ਆਮ ਤੌਰ ਤੇ ਸਾਹ ਦੀਆਂ ਬਿਮਾਰੀਆਂ ਫੈਲਾਉਂਦਾ ਹੈ। ਇਹ ਸਧਾਰਣ ਬਿਮਾਰੀਆਂ ਵੀ ਹੋ ਸਕਦੀਆਂ ਹਨ ਜਿਵੇਂ ਸਰਦੀ ਜ਼ੁਕਾਮ ਅਤੇ ਖਤਰਨਾਕ ਬਿਮਾਰੀਆਂ ਵੀ ਜਿਵੇਂ ਐੱਸ ਏ ਆਰ ਐੱਸ, ਐਮ ਈ ਆਰ ਐੱਸ, ਅਤੇ ਕੋਵਿਡ-19 ਜਾਨਵਰਾਂ ਵਿਚ ਕਰੋਨਾਵਾਇਰਸ ਅਲੱਗ-ਅਲੱਗ ਕਿਸਮ ਦੀਆਂ ਬਿਮਾਰੀਆਂ ਫੈਲਾਉਂਦੇ ਹਨ ਜਿਵੇਂ ਮੁਰਗੀਆਂ ਵਿਚ ਮੁਢਲੀ ਸਾਂਹ ਨਲੀ ਦੀਆਂ ਬਿਮਾਰੀਆਂ, ਲਵੇਰੀਆਂ ਅਤੇ ਸੂਰਾਂ ਵਿਚ ਅੰਤੜੀਆਂ ਦੀਆਂ ਬਿਮਾਰੀਆਂ। ਵਿਸ਼ਾਣੂਆਂ 'ਚ ਮੌਜੂਦ ਜਿਨਸੀ ਮਾਦੇ ਦੇ ਆਧਾਰ ਤੇ ਕੋਰੋਨਾਵਾਇਰਸ ਚਾਰ ਕਿਸਮ ਦੇ ਹੁੰਦੇ ਹਨ।

1. ਅਲਫਾ ਕਰੋਨਾਵਾਇਰਸ: ਇਸ ਵਿਚ ਮਨੁੱਖਾਂ ਵਿਚ ਪਾਏ ਜਾਣ ਵਾਲੇ ਦੋ ਕੋਰੋਨਾਵਾਇਰਸ ਹਨ- 229 ਈ ਅਤੇ ਐੱਨ ਐੱਲ 63 ਸੂਰਾਂ ਵਿਚ ਦਸਤ ਮਹਾਂਮਾਰੀ ਫੈਲਾਉਣ ਵਾਲਾ ਵਿਸ਼ਾਣੂ ਅਤੇ ਚਮਗਾਦੜਾਂ ਵਿਚ ਪਾਏ ਜਾਣ ਵਾਲੇ ਤਿੰਨ ਕਿਸਮ ਦੇ ਕੋਰੋਨਾਵਾਇਰਸ ਵੀ ਇਸੇ ਸ਼੍ਰੇਣੀ ਵਿਚ ਆਉਂਦੇ ਹਨ।

2. ਬੀਟਾ ਕਰੋਨਾਵਾਇਰਸ: ਇਸ ਵਿਚ ਮਨੁੱਖਾਂ ਵਿਚ ਪਾਏ ਜਾਣ ਵਾਲੇ ਕੋਰੋਨਾਵਾਇਰਸ ਆਉਂਦੇ ਹਨ- ਓ ਸੀ 43, ਐੱਸ ਏ ਆਰ ਐੱਸ-ਕੋਵ ਅਤੇ ਐੱਸ ਏ ਆਰ ਐੱਸ ਕੋਵ-2, ਐਮ ਈ ਆਰ ਐੱਸ ਵਿਸ਼ਾਣੂ ਇਸ ਤੋਂ ਇਲਾਵਾ ਲਵੇਰੀਆਂ 'ਚ ਮਿਲਣ ਵਾਲਾ ਇਕ ਕੋਰੋਨਾਵਾਇਰਸ ਅਤੇ ਚਮਗਾਦੜਾਂ ਦੇ ਤਿੰਨ ਕਿਸਮ ਦੇ ਕੋਰੋਨਾਵਾਇਰਸ ਇਸ ਸ਼੍ਰੇਣੀ ਵਿਚ ਰੱਖੇ ਗਏ ਹਨ।

3. ਗਾਮਾ ਕੋਰੋਨਾਵਾਇਰਸ: ਇਸ ਵਿਚ ਮੁਰਗੀਆਂ ਦਾ ਇੰਨਫੈਕਸ਼ੀਅਸ ਬਰੌਂਕਾਈਟਸ ਵਿਸ਼ਾਣੂ ਆਉਂਦਾ ਹੈ।

4. ਡੈਲਟਾ ਕੋਰੋਨਾਵਾਇਰਸ: ਇਸ ਵਿਚ ਬੁਲਬੁਲ ਕੋਰੋਨਾਵਾਇਰਸ ਅਤੇ ਸੂਰਾਂ ਦਾ ਕੋਰੋਨਾਵਾਇਰਸ ਆਉਂਦੇ ਹਨ। ਕੋਰੋਨਾਵਾਇਰਸ ਸਭ ਤੋਂ ਪਹਿਲਾਂ 1930 ਵਾਲੇ ਦਹਾਕੇ ਵਿਚ ਮੁਰਗੀਆਂ ਵਿਚ ਲੱਭੇ ਗਏ ਸਨ। ਦਰਅਸਲ ਉਦੋਂ ਮੁਰਗੀਆਂ ਵਿਚ ਇੱਕ ਖਤਰਨਾਕ ਸਾਂਹ ਦੀ ਬਿਮਾਰੀ ਦਾ ਬਣਿਆ ਕਾਰਣ ਇੰਨਫੈਕਸ਼ੀਅਸ ਬਰੌਂਕਾਈਟਸ ਵਿਸ਼ਾਣੂ ਲੱਭਿਆ ਗਿਆ ਸੀ। ਫਿਰ 1940 ਵਾਲੇ ਦਹਾਕੇ ਵਿਚ ਜਾਨਵਰਾਂ ਨਾਲ ਸਬੰਧਤ ਦੋ ਹੋਰ ਵਿਸ਼ਾਣੂ ਲੱਭੇ ਗਏ ਸਨ। ਇਹਨਾਂ ਵਿਚੋਂ ਇੱਕ ਵਿਸ਼ਾਣੂ ਚੂਹਿਆਂ ਵਿਚ ਜਿਗਰ ਵਿਚ ਸੋਜ ਕਰਦਾ ਸੀ ਜਦਕਿ ਦੂਸਰਾ ਮੋਕ ਲਗਾਉਣ ਵਾਲਾ ਵਿਸ਼ਾਣੂ ਸੀ। ਓਹਨਾਂ ਦਿਨਾਂ ਵਿੱਚ ਇਹ ਸਾਰੇ ਵਿਸ਼ਾਣੂ ਕੋਰੋਨਾਵਾਇਰਸ ਸ਼੍ਰੇਣੀ ਵਿਚ ਨਹੀਂ ਗਿਣੇ ਜਾਂਦੇ ਸਨ। ਮਨੁੱਖਾਂ ਵਿਚ ਮਿਲਣ ਵਾਲੇ ਕੋਰੋਨਾਵਾਇਰਸ 1960 ਵਿਚ ਸਨ। ਸ਼ੁਰੂ ਵਿੱਚ ਲੱਭੇ ਗਏ ਕੋਰੋਨਾਵਾਇਰਸ ਆਮ ਸਰਦੀ ਜ਼ੁਕਾਮ ਕਰਨ ਵਾਲੇ ਵਿਸ਼ਾਣੂ ਹੀ ਸਨ । ਇਹਨਾਂ ਵਿੱਚ ਦੋ ਵਿਸ਼ਾਣੂ ਪ੍ਰਮੁੱਖ ਸਨ- ਕੋਰੋਨਾਵਾਇਰਸ 229ਈ ਅਤੇ ਕੋਰੋਨਾਵਾਇਰਸ ਓਸੀ 43। ਬਾਅਦ ਵਿਚ ਐੱਸ ਏ ਆਰ ਐੱਸ-ਕੋਵ ਸੰਨ 2003 ਵਿਚ, ਕੋਰੋਨਾਵਾਇਰਸ ਐੱਨ ਐੱਲ 63 ਸੰਨ 2004 ਵਿਚ, ਐੱਚ ਕੇ ਯੂ 1 ਸੰਨ 2005 ਵਿਚ, ਐਮ ਈ ਆਰ ਐੱਸ ਵਿਸ਼ਾਣੂ 2012 ਵਿਚ ਅਤੇ ਐੱਸ ਏ ਆਰ ਐੱਸ ਕੋਵ-2 ਪਿਛਲੇ ਸਾਲ ਯਾਨੀ 2019 ਵਿਚ ਲੱਭੇ ਗਏ। ਮਨੁੱਖਾਂ ਦੇ ਕਰੋਨਾਵਾਇਰਸ ਦਾ ਅਧਿਐਨ 1965 ਵਿਚ ਟਾਈਰਲ ਅਤੇ ਬੀਨੋ ਨਾਮ ਦੇ ਸਾਇੰਸਦਾਨਾਂ ਨੇ ਸ਼ੁਰੂ ਕੀਤਾ। ਉਹਨਾਂ ਨੇ ਆਮ ਸਰਦੀ-ਜ਼ੁਕਾਮ ਨਾਲ ਪੀੜਤ ਲੋਗਾਂ ਦੇ ਸੀਂਢ ਦੇ ਸਾਂਪਲਾਂ ਤੋਂ ਵਿਸ਼ਾਣੂ ਲੱਭਣ ਦੀ ਕੋਸ਼ਿਸ਼ ਕੀਤੀ। ਇਹ ਸਾਇੰਸਦਾਨ ਸਾਂਪਲਾਂ 'ਚ ਮੌਜੂਦ ਜ਼ਿਆਦਾਤਰ ਵਿਸ਼ਾਣੂਆਂ ਨੂੰ ਟਿਸ਼ੂ-ਕਲਚਰ ਵਿਚ ਉਗਾਉਣ 'ਚ ਕਾਮਯਾਬ ਹੋ ਗਏ ਸਨ ਪਰ ਸਾਰੇ ਵਿਸ਼ਾਣੂਆਂ ਨੂੰ ਨਹੀਂ। ਉਹਨਾਂ ਦਿਨਾਂ ਵਿੱਚ ਹੀ ਹੈਮਰੀ ਅਤੇ ਪ੍ਰੈਂਕਨੌਅ ਜ਼ੁਕਾਮ ਨਾਲ ਪ੍ਰਭਾਵਿਤ ਹੋਏ ਮੈਡੀਕਲ ਵਿਦਿਆਰਥੀਆਂ ਤੋਂ ਲਏ ਗਏ ਸਾਂਪਲਾਂ ਤੋਂ ਇਕ ਖਾਸ ਕਿਸਮ ਦੇ ਵਿਸ਼ਾਣੂਆਂ ਨੂੰ ਟਿਸ਼ੂ-ਕਲਚਰ ਵਿਚ ਉਗਾਉਣ 'ਚ ਕਾਮਯਾਬ ਹੋ ਗਏ ਸਨ। ਉਹਨਾਂ ਨੇ ਵੇਖਿਆ ਕਿ ਇਸ ਵਿਸ਼ਾਣੂ ਦੇ ਗੁਣ ਉਸ ਸਮੇਂ ਗਿਆਤ ਫਲੂ ਵਰਗੇ ਲੱਛਣ ਪੈਦਾ ਕਰਨ ਵਾਲੇ ਵਿਸ਼ਾਣੂਆਂ (ਮਿਕਸੂਵਾਇਰਸ ਅਤੇ ਪੈਰਾਮਿਕਸੂਵਾਇਰਸ) ਤੋਂ ਕਾਫੀ ਭਿੰਨ ਸਨ।

ਇਸੇ ਸਮੇਂ ਦੌਰਾਨ ਜੂਨ ਆਲਮੀਡਾ ਸਾਇੰਸਦਾਨ ਨੇ ਡੇਵਿਡ ਟਾਈਰਲ ਨਾਲ ਮਿਲ ਕੇ ਇਸ ਵਿਸ਼ਾਣੂ ਨੂੰ ਲੱਭਣ ਦਾ ਬੀੜਾ ਚੁਕਿਆ। ਜੂਨ ਆਲਮੀਡਾ, ਲੰਦਨ ਦੇ ਸੇਂਟ ਥਾਮਸ ਹਸਪਤਾਲ ਦੀ ਇੱਕ ਪ੍ਰਯੋਗਸ਼ਾਲਾ ਵਿੱਚ ਕੰਮ ਕਰਦੀ ਸੀ।

ਡੇਵਿਡ ਟਾਈਰਲ, ਸਾਲਜ਼ਬਰੀ ਵਿਖੇ ਜ਼ੁਕਾਮ ਉੱਪਰ ਖੋਜ ਕਰ ਰਹੇ ਸਨ। ਉਹਨਾਂ ਨੇ ਫੈਸਲਾ ਕੀਤਾ ਕਿ ਜਿਹੜੇ ਸਾਂਪਲਾਂ ਵਿਚੋਂ ਵਿਸ਼ਾਣੂਆਂ ਨੂੰ ਟਿਸ਼ੂ-ਕਲਚਰ ਵਿਚ ਉਗਾਉਣ 'ਚ ਉਹ ਨਾਕਾਮ ਰਹੇ ਸਨ ਉਹਨਾਂ ਦਾ ਇਲੈਕਟ੍ਰੋਨ ਖੁਰਦਬੀਨ ਥੱਲੇ ਮੁਆਇਨਾ ਕੀਤਾ ਜਾਵੇ। ਇਸ ਕੰਮ ਲਈ ਉਹਨਾਂ ਨੇ ਜੂਨ ਆਲਮੀਡਾ ਦੀ ਮੱਦਦ ਲਈ। ਜੂਨ ਆਲਮੀਡਾ ਨੇ ਜਦੋਂ ਸਾਂਪਲਾਂ ਦਾ ਇਲੈਕਟ੍ਰੋਨ ਖੁਰਦਬੀਨ ਥੱਲੇ ਅਧਿਐਨ ਕੀਤਾ ਤਾਂ ਉਹਨਾਂ ਨੇ ਖਾਸ ਕਿਸਮ ਦੇ ਵਿਸ਼ਾਣੂ ਵੇਖੇ। ਇਹ ਵਿਸ਼ਾਣੂ ਫਲੂ ਪੈਦਾ ਕਰਨ ਵਾਲੇ ਵਿਸ਼ਾਣੂਆਂ ਵਰਗੇ ਹੀ ਸਨ ਪਰ ਫਿਰ ਵੀ ਉਹਨਾਂ ਤੋਂ ਵੱਖਰੇ ਸਨ। ਖੁਰਦਬੀਨ ਥੱਲੇ ਇਹ ਵਿਸ਼ਾਣੂ ਫੁੱਲਾਂ ਦੇ ਹਾਰ ਦੀ ਤਰ੍ਹਾਂ ਨਜ਼ਰ ਆਉਂਦੇ ਸਨ। ਇਸੇ ਕਰਕੇ ਇਹਨਾਂ ਨੂੰ ਕੋਰੋਨਾਵਾਇਰਸ

ਕਿਹਾ ਜਾਣ ਲੱਗ ਪਿਆ।

ਪਸ਼ੂਆਂ ਵਿਚ ਕੋਰੋਨਾਵਾਇਰਸ ਬਿਮਾਰੀਆਂ:

1. ਸੂਰਾਂ ਵਿਚ ਮਹਾਂਮਾਰੀ ਮੋਕ (Porcine epidemic diarrhoea): ਇਹ ਬਿਮਾਰੀ ਹਰ ਉਮਰ ਦੇ ਸੂਰਾਂ ਨੂੰ ਹੋ ਸਕਦੀ ਹੈ ਪਰ ਇਹ ਬੱਚਿਆਂ 'ਚ ਕਾਫੀ ਨੁਕਸਾਨ ਕਰਦੀ ਹੈ। ਇਸ ਵਿਚ ਬੱਚਿਆਂ ਨੂੰ ਪਾਣੀ ਦੀ ਤਰ੍ਹਾਂ ਮੋਕ ਲੱਗ ਜਾਂਦੀ ਹੈ । ਛੋਟੀ ਉਮਰ ਦੇ ਬੱਚਿਆਂ ਵਿਚ ਇਹ ਬਿਮਾਰੀ ਬੜੀ ਜਲਦੀ ਫੈਲਦੀ ਹੈ ਅਤੇ ਉਹਨਾਂ ਵਿਚੋਂ ਅੱਧ ਤੋਂ ਵੱਧ ਮਰ ਜਾਂਦੇ ਹਨ। ਵੱਡੀ ਉਮਰ ਦੇ ਬੱਚਿਆਂ 'ਚ ਸਰੀਰਕ ਵਾਧਾ ਰੁੱਕ ਜਾਂਦਾ ਹੈ। ਇਹ ਬਿਮਾਰੀ ਸੂਰਾਂ ਤੋਂ ਮਨੁੱਖਾਂ ਨੂੰ ਨਹੀਂ ਲੱਗਦੀ। ਇਸ ਬਿਮਾਰੀ ਦਾ ਕੋਈ ਨਿਸ਼ਚਿਤ ਇਲਾਜ ਨਹੀਂ ਹੈ। ਇਹ ਬਿਮਾਰੀ ਇੱਕ ਸੂਰ ਤੋਂ ਦੂਸਰੇ ਸੂਰ ਨੂੰ ਬਿਮਾਰ ਸੂਰ ਦੀ ਲਿੱਦ ਖਾਣ ਨਾਲ ਹੁੰਦੀ ਹੈ। ਇਸੇ ਕਰਕੇ ਫਾਰਮ ਉੱਪਰ ਸਫਾਈ ਅਤੇ ਕੜੀ ਨਿਗਰਾਨੀ ਰੱਖ ਕੇ ਇਸ ਬਿਮਾਰੀ ਦੇ ਪ੍ਰਕੋਪ ਤੋਂ ਬਚਿਆ ਜਾ ਸਕਦਾ ਹੈ।

ਫਾਰਮ ਉੱਪਰ ਸੂਰਾਂ ਦੇ ਮਹਾਂਮਾਰੀ ਮੋਕ ਦੇ ਵਿਸ਼ਾਣੂ ਨੂੰ ਰੋਕਣ ਲਈ ਇੱਕ ਫੀਸਦੀ ਫਾਰਮਾਲੀਨ ਦਾ ਘੋਲ ਜਾਂ ਚਾਰ ਫੀਸਦੀ ਕੱਪੜੇ ਧੋਣ ਵਾਲੇ ਸੋਢੇ ਦਾ ਘੋਲ ਜਾਂ ਫਿਰ ਦੋ ਫੀਸਦੀ ਕਾਸਟਿਕ ਸੋਢੇ ਦਾ ਘੋਲ ਛਿੜਕਿਆ ਜਾ ਸਕਦਾ ਹੈ। ਇਹ ਵਿਸ਼ਾਣੂ ਵਾਤਾਵਰਣ ਵਿਚ ਕਾਫੀ ਲੰਬੇ ਸਮੇਂ ਤੱਕ ਜੀਵਤ ਰਹਿ ਸਕਦਾ ਹੈ। ਪੋਹ ਮਾਘ ਦੇ ਮਹੀਨਿਆਂ ਵਿਚ ਇਹ ਵਿਸ਼ਾਣੂ ਸੂਰਾਂ ਦੀ ਲਿੱਦ ਵਾਲੇ ਢੇਰ ਵਿਚ ਲੱਗਭਗ ਇੱਕ ਮਹੀਨੇ ਤੱਕ ਜਿੰਦਾ ਰਹਿ ਸਕਦਾ ਹੈ। ਸੂਰਾਂ ਦੀ ਗਿੱਲੀ ਕੀਤੀ ਹੋਈ ਫੀਡ ਵਿਚ ਇਹ $25^{0}C$ ਉੱਪਰ ਦੋ ਹਫਤਿਆਂ ਤੱਕ ਜਿੰਦਾ ਵੇਖਿਆ ਗਿਆ ਹੈ।

2. ਸੂਰਾਂ ਦੀ ਛੁਤੀ ਪੇਟ-ਅਤੇ-ਅੰਤੜੀਆਂ ਦੀ ਸੋਜ (ਟ੍ਰਾਂਸਮਿਸੀਬਲ ਗੈਸਟ੍ਰੋਐਨਟ੍ਰਾਈਟਿਸ ਬਿਮਾਰੀ Transmissible gastroentretis): ਇਹ ਬਿਮਾਰੀ ਵੀ ਇੱਕ ਕਿਸਮ ਦੇ ਕਰੋਨਾਵਾਇਰਸ ਕਰਕੇ ਹੀ ਹੁੰਦੀ ਹੈ। ਨਵਜਾਤ ਬੱਚਿਆਂ ਵਿਚ ਇਹ ਬਿਮਾਰੀ ਬੜੀ ਖਤਰਨਾਕ ਹੁੰਦੀ ਹੈ। ਬੱਚੇ ਸਭ ਤੋਂ ਪਹਿਲਾਂ ਉੱਲਟੀ ਕਰਨਾ ਸ਼ੁਰੂ ਕਰਦੇ ਹਨ। ਇਸ ਤੋਂ ਬਾਅਦ ਉਹਨਾਂ ਨੂੰ ਪਾਣੀ ਵਰਗੀ ਮੋਕ ਲੱਗਦੀ ਹੈ। ਸਿੱਟੇ ਵਜੋਂ ਉਹਨਾਂ ਵਿਚ ਪਾਣੀ ਦੀ ਕਮੀਂ ਹੋ ਜਾਂਦੀ ਹੈ ਅਤੇ ਜਲਦੀ ਹੀ ਉਹਨਾਂ ਦੀ ਮੌਤ ਹੋ ਜਾਂਦੀ ਹੈ। ਇਹ ਬਿਮਾਰੀ ਹਵਾ 'ਚ ਮੌਜੂਦ ਵਿਸ਼ਾਣੂਆਂ ਨਾਲ ਭਰਪੂਰ ਵਾਸ਼ਪਾਂ ਦੀਆਂ ਧੂੰਦਾਂ ਰਾਹੀਂ ਫੈਲਦੀ ਹੈ। ਇਸ ਬਿਮਾਰੀ ਦਾ ਵੀ ਕੋਈ ਇਲਾਜ ਨਹੀਂ ਹੈ।

3. ਸੂਰਾਂ ਦੀ ਡੈਲਟਾਕੋਰੋਨਾਵਾਇਰਸ ਕਾਰਣ ਮੋਕ (Porcine deltacoronavirus disease): ਸੂਰਾਂ ਦਾ ਡੈਲਟਾਕੋਰੋਨਾਵਾਇਰਸ 2012 ਵਿਚ ਹਾਂਗਕੌਂਗ ਵਿਚ ਲੱਭਿਆ ਗਿਆ ਸੀ ਇਸ ਵਿਸ਼ਾਣੂ ਕਾਰਣ ਵੀ ਸੂਰਾਂ ਨੂੰ ਮੋਕ ਲੱਗਦੀ ਹੈ ਪਰ ਇਹ ਇੰਨੀ ਖਤਰਨਾਕ ਨਹੀਂ ਹੁੰਦੀ। ਸੂਰਾਂ ਦੀ ਡੈਲਟਾਕੋਰੋਨਾਵਾਇਰਸ ਮਨੁੱਖਾਂ ਵਿਚ ਬਿਮਾਰੀ ਫੈਲਾ ਸਕਦਾ ਹੈ।

4. ਲਵੇਰੀਆਂ 'ਚ ਕੋਰੋਨਾਵਾਇਰਸ ਕਾਰਣ ਬਿਮਾਰੀਆਂ : ਲਵੇਰੀਆਂ 'ਚ ਕੋਰੋਨਾਵਾਇਰਸ ਤਿੰਨ ਤਰ੍ਹਾਂ ਦੀਆਂ ਬਿਮਾਰੀਆਂ ਪੈਦਾ ਕਰਦਾ ਹੈ- ਛੋਟੇ ਵਛੜੂਆਂ ਵਿਚ ਮੋਕ, ਗਾਵਾਂ 'ਚ ਸਰਦੀਆਂ ਵਿਚ ਖੂਨੀ ਮੋਕ ਅਤੇ ਹਰ ਵਰਗ ਦੇ ਪਸ਼ੂਆਂ ਵਿਚ ਸਾਂਹ ਦੀ ਬਿਮਾਰੀ। ਛੋਟੇ ਵਛੜੂਆਂ ਵਿਚ ਬਿਮਾਰੀ ਕਾਫੀ ਗੰਭੀਰ ਹੁੰਦੀ ਹੈ ਪਰ ਵੱਡੇ ਪਸ਼ੂ ਇਸ ਵਿਸ਼ਾਣੂ ਦਾ ਸਫਲਤਾਪੂਰਵਕ ਮੁਕਾਬਲਾ ਕਰ ਲੈਂਦੇ ਹਨ। ਇਹ ਬਿਮਾਰੀ ਦੂਸ਼ਿਤ ਪਾਣੀ ਜਾਂ ਫੀਡ ਖਾਣ ਨਾਲ ਹੁੰਦੀ ਹੈ। ਲਵੇਰੀਆਂ ਅਕਸਰ ਇਸ ਵਿਸ਼ਾਣੂ ਕਾਰਣ ਸਰਦੀਆਂ ਵਿਚ ਬਿਮਾਰ ਹੁੰਦੀਆਂ ਹਨ। ਵਹਿੜਾਂ ਵਿਚ ਇਹ ਬਿਮਾਰੀ ਜ਼ਿਆਦਾ ਤੀਬਰਤਾ ਵਾਲੀ ਨਹੀਂ ਹੁੰਦੀ। ਵਗ ਵਿਚ ਬਹੁਤ ਸਾਰੀਆਂ ਲਵੇਰੀਆਂ ਨੂੰ ਅਚਨਚੇਤ ਇੱਕੋ ਸਮੇਂ ਪਾਣੀ ਵਰਗੀ ਮੋਕ ਲੱਗ ਜਾਂਦੀ ਹੈ ਅਤੇ ਬੜੀ ਵਾਰੀ ਉਸ ਮੋਕ ਵਿੱਚ ਖੂਨ ਵੀ ਹੁੰਦਾ ਹੈ। ਤਾਜ਼ੀਆਂ ਸੂਈਆਂ ਲਵੇਰੀਆਂ ਇਸ ਬਿਮਾਰੀ ਦਾ ਜ਼ਿਆਦਾ ਸ਼ਿਕਾਰ ਹੁੰਦੀਆਂ ਹਨ ਅਤੇ ਉਹਨਾਂ ਦਾ ਦੁੱਧ ਯਕਦਮ ਘੱਟ ਜਾਂਦਾ ਹੈ। ਬਿਮਾਰ ਲਵੇਰੀਆਂ ਸੁਸਤ ਜਾਪਦੀਆਂ ਹਨ। ਮੋਕ ਲੱਗਣ ਤੋਂ ਪਹਿਲਾਂ ਲਵੇਰੀਆਂ ਨੂੰ 105^{0} F ਤੱਕ ਬੁਖਾਰ ਹੋ ਸਕਦਾ ਹੈ। ਕਈ ਲਵੇਰੀਆਂ ਦੇ ਨਾਸਾਂ ਅਤੇ ਅੱਖਾਂ ਵਿੱਚੋਂ ਪਾਣੀ ਵੀ ਵੱਗਦਾ ਹੈ। ਤਿੰਨ ਚਾਰ ਦਿਨਾਂ ਬਾਅਦ ਮੋਕ ਆਪਣੇ ਆਪ ਠੀਕ ਵੀ ਹੋਣੀ ਸ਼ੁਰੂ ਹ�ो ਜਾਂਦੀ ਹੈ। ਲਵੇਰੀਆਂ ਦੋ ਤਿੰਨ ਹਫਤਿਆਂ ਵਿਚ ਬਿਲਕੁੱਲ ਠੀਕ ਹੋ ਜਾਂਦੀਆਂ ਹਨ। ਠੀਕ ਹੋਈਆਂ ਲਵੇਰੀਆਂ ਨੂੰ ਇਹ ਬਿਮਾਰੀ ਆਉਣ ਵਾਲੇ ਦੋ ਸਾਲਾਂ ਤੱਕ ਦੁਬਾਰਾ ਨਹੀਂ ਲੱਗਦੀ। ਕੋਰੋਨਾਵਾਇਰਸ ਨਵੇਂ ਜੰਮੇ ਵਛੜੂਆਂ ਵਿਚ ਮੋਕ ਦਾ ਸਬੱਬ ਬਣਦਾ ਹੈ। ਜ਼ਿੰਦਗੀ ਦੇ ਪਹਿਲੇ ਚਾਰ ਦਿਨਾਂ ਦੌਰਾਨ ਲੱਗੀ ਮੋਕ ਆਮ ਕਰਕੇ ਰੋਟਾਵਾਇਰਸ ਕਾਰਣ ਹੁੰਦੀ ਹੈ। ਪਰ ਪੰਜਵੇਂ ਦਿਨ ਉਪਰੰਤ ਲੱਗੀ ਮੋਕ ਜ਼ਿਆਦਾ ਕਰਕੇ ਕੋਰੋਨਾਵਾਇਰਸ ਕਾਰਣ ਹੁੰਦੀ ਹੈ। ਰੋਟਾਵਾਇਰਸ ਕਾਰਣ ਲੱਗੀ ਮੋਕ ਵਿਚ ਅਕਸਰ ਬੱਚੇ ਮਰ ਜਾਂਦੇ ਹਨ ਪਰ ਕੋਰੋਨਾਵਾਇਰਸ ਤੋਂ ਪੀੜਤ ਬਹੁੱਤ ਸਾਰੇ ਵੱਛੜੂ ਤੁਰੰਤ ਉਪਚਾਰ ਕਰਨ ਤੇ ਬਚ ਜਾਂਦੇ ਹਨ। ਕੋਰੋਨਾਵਾਇਰਸ ਹੋਰ ਵੀ ਕਈ ਪਸ਼ੂਆਂ ਅਤੇ ਜਾਨਵਰਾਂ ਵਿਚ ਪਾਏ ਗਏ ਹਨ ਜਿਵੇਂ ਊਂਠ, ਕੁੱਤੇ, ਬਿੱਲੀਆਂ, ਟੱਰਕੀ, ਮੁਰਗੀਆਂ ਆਦਿ। ਇਹਨਾਂ ਬਾਰੇ ਜਾਣਕਾਰੀ ਫਿਰ ਦਵਾਂਗੇ।

ਕੁੱਤੇ ਦੀ ਹੋਵੇ ਕਿਡਨੀ ਖ਼ਰਾਬ ਤਾਂ ਲੁਧਿਆਣਾ ਪਸ਼ੂ ਪਾਲਣ ਯੂਨੀਵਰਸਿਟੀ ਵਿੱਚ ਡਾਇਲਸਿਸ ਹੈ ਆਖਰੀ ਜਵਾਬ

ਡਾਇਲਸਿਸ ਲਈ ਕਥੇਟਰ ਫਿਟ ਕਰਦੇ



ਆਧੁਨਿਕ ਡਾਇਲਸਿਸ ਮਸ਼ੀਨ



ਕੁੱਤਿਆਂ ਵਿੱਚ ਡਾਇਲਸਿਸ

ਬਰਸਾਤੀ ਮੌਸਮ ਦੌਰਾਨ ਮੱਛੀ ਪਾਲਕਾਂ ਲਈ ਸੁਨੇਹੇ

ਡਾ. ਮੀਰਾ ਡੀ ਆਂਸਲ, ਫਿਸ਼ਰੀਜ਼ ਕਾਲਜ਼

ਕਾਰਪ ਮੱਛੀਪਾਲਣ :

* ਗਰਾਸ ਕਾਰਪ ਮੱਛੀ ਨੂੰ ਰੋਜਾਨਾ ਜਲਬੂਟੇ, ਨਰਮ ਪੱਠੇ ਜਾਂ ਹਰੀ ਸਬਜ਼ੀਆਂ ਦੇ ਪੱਤੇ, 4-5% ਦੇ ਹਿਸਾਬ (4-5 ਕਿੱਲੋ/100 ਕਿੱਲੋ ਮੱਛੀ) ਨਾਲ ਪਾਓ।
* ਗਰਾਸ ਕਾਰਪ ਨੂੰ ਖੁਰਾਕ ਦੇਣ ਤੋਂ ਬਾਅਦ, ਬਾਕੀ ਮੱਛੀ ਨੂੰ ਰੋਜਾਨਾ 1.5-2.0% ਦੇ ਹਿਸਾਬ ਨਾਲ (1.5-2.0 ਕਿੱਲੋ/100 ਕਿੱਲੋ ਮੱਛੀ) ਖੁਰਾਕ ਪਾਓ।
* ਤਲਾਅ ਵਿੱਚ ਹਰ ਮਹੀਨੇ ਚੂਨਾ ਪਾਓ (ਜੇ ਪੀ.ਐਚ. 8.5 ਤੋਂ ਘੱਟ ਹੋਵੇ)
* ਜੇਕਰ ਪਾਣੀ ਦਾ ਪੀ.ਐਚ. 9.5 ਤੋਂ ਵੱਧ ਜਾਵੇ ਤਾਂ ਤਲਾਅ ਵਿੱਚ ਮਾਹਿਰ ਦੀ ਸਲਾਹ ਨਾਲ ਫਟਕੜੀ ਪਾਓ।
* ਮਾਨਸੂਨ ਦੌਰਾਨ ਤਲਾਅ ਦੇ ਬੰਨਾਂ ਨੂੰ ਖੁਰਣ ਤੋਂ ਰੋਕਣ ਲਈ ਬੰਨਾਂ ਦੇ ਅੰਦਰਲੇ ਪਾਸੇ ਘਾਹ ਲਾਓ ਤੇ ਪਾਣੀ ਦੀ ਪੀ. ਐਚ ਨੂੰ ਘੱਟ ਜਾਣ ਤੋਂ ਬਚਾਉਣ ਲਈ ਤਲਾਅ ਦੇ ਬੰਨਾ ਤੇ ਚੂਨਾ ਪਾਓ।
* ਪਾਣੀ ਦੇ ਰੰਗ ਦੇ ਅਧਾਰ ਤੇ ਤਲਾਅ ਵਿੱਚ ਖਾਦ ਦੀ ਵਰਤੋਂ ਕਰੋ।

ਹਲਕਾ ਹਰਾ	ਹਰਾ	ਗੂੜਾ ਹਰਾ	ਗੂੜਾ ਭੂਰਾ
ਖਾਦ ਪਾਓ	ਖਾਦ ਦੀ ਮਾਤਰਾ ਘਟਾਓ	ਖਾਦ ਨਾ	ਪਾਓ

* ਪਾਣੀ ਵਿੱਚ ਕਾਈ ਬਣਨ ਦੀ ਸੂਰਤ ਵਿੱਚ, ਤਲਾਅ ਵਿੱਚ ਖੁਰਾਕ ਅਤੇ ਖਾਦ ਪਾਉਣੀ ਬੰਦ ਕਰ ਦਿਓ।
* ਤੜਕੇ ਵੇਲੇ ਤਲਾਅ ਵਿੱਚ ਤਾਜ਼ਾ ਪਾਣੀ, ਛੱਡੋ ਜਾਂ ਏਰੇਸ਼ਨ ਕਰੋ। * ਲਗਾਤਾਰ ਬੱਦਲਵਾਹੀ ਦੇ ਦਿਨਾਂ ਵਿੱਚ ਦਿਨ ਵੇਲੇ ਵੀ ਏਰੇਸ਼ਨ ਕਰੋ।
* ਜੇਕਰ ਮੱਛੀ ਪਾਣੀ ਚੋਂ ਮੂੰਹ ਬਾਹਰ ਕੱਢ ਕੇ ਸਾਹ ਲੈਂਦੀ ਦਿਸੇ ਤਾਂ ਤੱਤਕਾਲ ਤਲਾਅ ਵਿੱਚ ਤਾਜ਼ਾ ਪਾਣੀ ਛੱਡੋ ਜਾਂ ਏਰੇਸ਼ਨ ਕਰੋ ਅਤੇ ਮੱਛੀ ਨੂੰ ਖੁਰਾਕ ਨਾ ਪਾਓ।
* ਵੱਧ ਉਤਪਾਦਨ ਲਈ ਤਲਾਅ ਦੇ 10-20% ਪਾਣੀ ਦੀ 30-40 ਦਿਨਾਂ ਬਾਅਦ ਤਾਜੇ ਪਾਣੀ ਨਾਲ ਅਦਲਾ-ਬਦਲੀ ਕਰੋ ਅਤੇ ਤਲਾਅ ਦੇ ਪਾਣੀ ਨਾਲ ਝੋਨੇ ਦੀ ਸਿੰਚਾਈ ਕਰੋ।
* ਹਰ 15-20 ਦਿਨਾਂ ਬਾਅਦ ਮੱਛੀ ਦੇ ਵੱਧ ਰਹੇ ਭਾਰ ਅਨੁਸਾਰ ਖੁਰਾਕ ਦੀ ਮਾਤਰਾ ਵਧਾਓ।
* ਭਾਰੀ ਮੀਂਹ ਕਾਰਨ, ਮੱਛੀ ਨੂੰ ਤਲਾਅ ਚੋਂ ਬਾਹਰ ਰੁੜ ਜਾਣ ਤੋਂ ਰੋਕਣ ਲਈ ਪਾਣੀ ਸਤਹ ਉੱਤੇ 1.5-2 ਫੁੱਟ ਖਾਲੀ ਜਗ੍ਹਾਂ ਛੱਡੋ ਤੇ ਲੋੜੀਂਦੇ ਪੱਧਰ ਦੇ ਆਟੋਮੈਟਿਕ ਨਿਕਾਸੀ ਪਾਈਪ ਰੱਖੋ।
* ਤਲਾਅ ਵਿੱਚ ਬਰਸਾਤੀ ਪਾਣੀ ਦੇ ਪ੍ਰਵੇਸ਼ ਨੂੰ ਰੋਕਣ ਲਈ, ਤਲਾਅ ਦੇ ਬੰਨਾਂ ਨੂੰ ਜ਼ਮੀਨੀ ਪੱਧਰ ਤੋਂ ਘੱਟੋ ਘੱਟ 3 ਫੁਟ ਉੱਚਾ ਰੱਖੋ।
* ਹੈਚਰੀ ਤੋਂ ਬੱਚ/ਸੀਡ (ਸਪਾਨ ਜਾਂ ਫਰਾਈ) ਲੈ ਕੇ, ਉਂਗਲਾਕਾਰੀ ਬੱਚ ਤਿਆਰ ਕਰਨ ਲਈ ਨਰਸਰੀ ਤਲਾਅ ਵਿੱਚ ਸਟਾਕ ਕਰੋ।

ਇਸ ਕਿਰਸਾਨੀ ਨਿਊਜ਼ ਪੱਤਰ ਨੂੰ ਹੋਰ ਸੁਧਾਰਨ ਲਈ ਆਪਣੇ ਸੁਝਾਅ ਦਿਓ
- ਸੰਪਾਦਕ

ਦੁੱਧ ਦਾ ਮੁੱਲ ਵਧਾਉ ਮਾਡਲ

ਡਾ. ਪੀ.ਕੇ ਸਿੰਘ, ਡੇਅਰੀ ਸਾਇੰਸ ਕਾਲਜ਼

ਦੁੱਧ	ਭਾਰ	ਗਾਂ ਦਾ ਦੁੱਧ	ਮੱਝ ਦਾ ਦੁੱਧ
ਦੁੱਧ ਡੇਅਰੀ ਨੂੰ ਵੇਚਿਆ	100 ਕਿੱਲੋ	2600 ਰੁਪਏ	3700 ਰੁਪਏ

ਦੁੱਧ ਦੇ ਮੁੱਲ ਵਧਾਉ ਪਦਾਰਥ

ਦੁੱਧ ਪਦਾਰਥ	ਭਾਰ	ਗਾਂ ਦਾ ਦੁੱਧ	ਮੱਝ ਦਾ ਦੁੱਧ
ਦੁੱਧ	50 ਕਿੱਲੋ	1750 ਰੁਪਏ	2250 ਰੁਪਏ
ਸੁਗੰਧਿਤ ਦੁੱਧ	10 ਕਿੱਲੋ	750 ਰੁਪਏ	750 ਰੁਪਏ
ਪਨੀਰ	30 ਕਿੱਲੋ	1070 ਰੁਪਏ	1680 ਰੁਪਏ
ਦਹੀ	5 ਕਿੱਲੋ	750 ਰੁਪਏ	750 ਰੁਪਏ
ਲੱਸੀ	5 ਕਿੱਲੋ	600 ਰੁਪਏ	600 ਰੁਪਏ
ਘਿਉ	0.6 ਕਿੱਲੋ	-----	240 ਰੁਪਏ
ਕੁੱਲ ਆਮਦਨੀ	ਇੱਕ ਦਿਨ	4920 ਰੁਪਏ	6270 ਰੁਪਏ
ਚੋਖਾ ਫਾਇਦਾ (ਖਰਚਾ ਕੱਢ ਕੇ)		4670 ਰੁਪਏ	6020 ਰੁਪਏ
ਸਿਰਫ ਦੁੱਧ ਵੇਚਣ ਤੋਂ ਇਲਾਵਾ ਪਦਾਰਥ ਬਣਾ ਕੇ ਜ਼ਿਆਦਾ ਆਮਦਨੀ		2070 ਰੁਪਏ	2320 ਰੁਪਏ
ਇਕੱਲਾ ਦੁੱਧ ਸਿੱਧਾ ਵੇਚਣ ਕਰਕੇ ਆਮਦਨੀ		900	1200

ਦੁੱਧ ਦੇ ਪਦਾਰਥ ਬਣਾਉ ਅਤੇ ਵਧੇਰੇ ਮੁਨਾਫ਼ਾ ਪਾਓ।

ਮੱਝ ਕਾਲੀ ਪਰ ਭਰਪੂਰ ਗੁਣਾਂ ਵਾਲੀ.....

ਡਾ. ਹਰੀਸ਼ ਕੁਮਾਰ ਵਰਮਾ

ਬੱਚੇਦਾਨੀ ਦੀ ਸਮੱਸਿਆ ਲਈ ਮੇਰੇ ਤੇ ਤਵਾ ਨਾ ਲਾਓ,
ਸਹੀ ਪ੍ਰਬੰਧ ਦੇ ਨਾਲ ਚੌਖਾ ਲਾਭ ਕਮਾਓ,
ਬਚਪਨ ਤੋਂ ਮੈਨੂੰ ਖਵਾਓ ਸੰਤੁਲਿਤ ਆਹਾਰ,
ਸਹੀ ਸਮੇਂ ਤੇ ਕੱਟੀ ਦੇ ਕੇ ਵਧਾਂਵਾਗੀ ਪਰਿਵਾਰ।

ਦਾਣਾ, ਹਰਾ ਚਾਰਾ ਤੇ ਧਾਂਤਾ ਦਾ ਚੂਰਾ ਸਹੀ ਖਵਾਓ,
ਨਾ ਬੋਲਣ ਅਤੇ ਦੇਰ 'ਚ ਗੱਭਣ ਹੋਣ ਦੇ ਰੋਗ ਦੂਰ ਭਜਾਓ,
ਸੂਣ ਤੋਂ ਬਾਅਦ 60 ਦਿਨ ਦਾ ਦੇ ਕੇ ਮੈਨੂੰ ਜਨਣ ਵਿਸ਼ਰਾਮ,
ਫੇਰ ਦੁਬਾਰਾ ਆਸ ਕਰਵਾਉਣ ਦਾ ਬਣਾਓ ਨਵਾਂ ਪ੍ਰੋਗਰਾਮ।

ਹੇਹੇ 'ਚ ਆਉਣ ਦੇ ਲੱਛਣ ਬੱਸ ਹੁੰਦੇ ਤਿੰਨ ਚਾਰ,
ਤਾਰਾਂ, ਬੇਚੈਨੀ, ਰੱਬਣਾਂ ਅਤੇ ਪਿਸ਼ਾਬ ਵਾਰ-ਵਾਰ,
ਹੇਹੇ ਨੂੰ ਸਹੀ ਪਛਾਣ ਕੇ ਮਸਨੂਈ ਗਰਭਦਾਨ ਕਰਵਾਓ,
ਪਰਖੇ ਤੇ ਚੰਗੇ ਮਾਲੀ ਦੀ ਬੇਹਤਰ ਸੰਤਾਨ ਪਾਓ।

ਤਿੰਨ ਮਹੀਨੇ ਬਾਅਦ ਗਰਭ ਨੂੰ ਚੈੱਕ ਕਰਵਾਓ,
ਜੇ ਖਾਲੀ ਹੋਵੇ ਤਾਂ ਡਾਕਟਰ ਤੋਂ ਇਲਾਜ ਕਰਵਾਓ,
ਮੌਸਮ, ਖੁਰਾਕ ਤੇ ਪ੍ਰਬੰਧ ਦਾ ਜੇ ਰੱਖੋਗੇ ਧਿਆਨ,
ਪਸ਼ੂ ਪਾਲਕੋ ਤੁਸੀਂ ਕਦੇ ਵੀ ਨਹੀਂ ਹੋਵੋਗੇ ਪਰੇਸ਼ਾਨ।

ਧਾਤਾਂ ਦੇ ਚੂਰੇ ਨੂੰ ਖੁਰਾਕ ਸਮਝ ਕੇ ਖੁਵਾਓ,
ਲਗਾਤਾਰ ਤੇ ਜ਼ਿਆਦਾ ਦੁੱਧ ਤੋਂ ਨਫ਼ਾ ਕਮਾਓ,
ਯੂਨੀਵਰਸਿਟੀ ਦੇ ਪਰਖੇ ਤੇ ਦੱਸੇ ਨੁਸਖੇ ਅਪਣਾਓ,
ਸਮੇਂ ਸਿਰ ਦੁੱਧ ਤੇ ਬੱਚਾ ਲੈ ਕੇ ਲਾਭ ਉਠਾਓ।

ਮੱਝਾਂ ਦੀ ਸਾਂਭ ਸੰਭਾਲ ਦਾ ਰੱਖੋ ਲਿਖਤ ਹਿਸਾਬ,
ਫੇਰ ਭਰਾਵੋ ਨਾ ਭੁਲੋਗੇ ਤੇ ਨਾ ਹੋਵੋਗੇ ਕਦੇ ਖਰਾਬ,
ਕੀਟਾਣੂ ਤੇ ਦਵਾਈ ਰਹਿਤ ਦੁੱਧ ਦੀ ਕਰੋ ਪੈਦਾਵਾਰ,
ਇਹ ਹੈ ਬੱਚੇ, ਬੁੱਢੇ ਤੇ ਜਵਾਨਾਂ ਦੀ ਸਿਹਤ ਦਾ ਸਰੋਕਾਰ।

ਹੁਣ ਮੇਰੇ ਗੁਣਾਂ ਦੀ ਕਹਾਣੀ ਦੁਨੀਆਂ ਨੂੰ ਸਮਝ ਆਈ,
ਭਾਰਤ ਨੇ ਵੀ ਦੁੱਧ ਉਤਪਾਦਨ 'ਚ ਅਵੱਲ ਥਾਂ ਬਣਾਈ,
ਕਿਸਾਨ ਵੀਰੋ ਮੰਡੀਕਰਨ ਵੱਲ ਵੀ ਕਰੋ ਥੋੜ੍ਹਾ ਧਿਆਨ,
ਪੈਸਾ ਇੰਜ ਸੰਭਾਲੋ ਜੀਨੂੰ ਤਲਵਾਰ ਹੁੰਦੀ ਵਿੱਚ ਮਿਆਨ।
'ਬੱਚੇਦਾਨੀ ਦੀ ਸਮੱਸਿਆ' ਲਈ ਮੇਰੇ ਤੇ ਤਵਾ ਨਾ ਲਾਓ

ਸਾਲ ਵਿੱਚ ਮਨਾਏ ਜਾਣ ਵਾਲੇ ਦਿਵਸ

1	ਜਨਵਰੀ	-	ਸੰਸਾਰ ਪਰਿਵਾਰ ਦਿਵਸ	Global Family Day
2	ਫਰਵਰੀ	-	ਸੰਸਾਰ ਵੈਟਲੈਂਡ ਦਿਵਸ	World Wetland Day
28	ਫਰਵਰੀ	-	ਕੌਮੀ ਸਾਇੰਸ ਦਿਵਸ	National Science Day
3	ਮਾਰਚ	-	ਸੰਸਾਰ ਜੰਗਲੀ ਜੀਵ ਦਿਵਸ	World Wildlife Day
20	ਮਾਰਚ	-	ਸੰਸਾਰ ਚਿੜੀ ਦਿਵਸ	World Sparrow Day
22	ਮਾਰਚ	-	ਸੰਸਾਰ ਪਾਣੀ ਦਿਵਸ	World Water Day
7	ਅਪ੍ਰੈਲ	-	ਸੰਸਾਰ ਸਿਹਤ ਦਿਵਸ	World Health Day
22	ਅਪ੍ਰੈਲ	-	ਧਰਤੀ ਦਿਵਸ	Earth Day
25	ਅਪ੍ਰੈਲ	-	ਸੰਸਾਰ ਵੈਟਨਰੀ ਦਿਵਸ	World Veterinary Day
30	ਅਪ੍ਰੈਲ	-	ਆਯੂਸ਼ਮਾਨ ਭਾਰਤ ਦਿਵਸ	Ayushman Divas
1	ਮਈ	-	ਅੰਤਰਰਾਸ਼ਟਰੀ ਮਜਦੂਰ ਦਿਵਸ	International Labour Day
11	ਮਈ	-	ਕੌਮੀ ਤਕਨਾਲੋਜੀ ਦਿਵਸ	National Technology Day
1	ਜੂਨ	-	ਵਿਸ਼ਵ ਦੁੱਧ ਦਿਵਸ	World Milk Day
5	ਜੂਨ	-	ਵਿਸ਼ਵ ਵਾਤਾਵਰਣ ਦਿਵਸ	World Environment Day
7	ਜੂਨ	-	ਵਿਸ਼ਵ ਸੁਰੱਖਿਅਤ ਭੋਜਨ ਦਿਵਸ	World Food Safety Day
8	ਜੂਨ	-	ਵਿਸ਼ਵ ਸਮੁੰਦਰ ਦਿਵਸ	World Ocean Day
1	ਜੁਲਾਈ	-	ਵਿਸ਼ਵ ਜੂਨੋਸਿਸ ਦਿਵਸ	World Zoonoses Day
10	ਜੁਲਾਈ	-	ਕੌਮੀ ਮੱਛੀ ਫਾਰਮਰਜ਼ ਦਿਵਸ	National Fish Farmers Day
29	ਜੁਲਾਈ	-	ਅੰਤਰਰਾਸ਼ਟਰੀ ਟਾਈਗਰ ਦਿਵਸ	International Tiger Day
28	ਸਤੰਬਰ	-	ਵਿਸ਼ਵ ਹਲਕਾਅ ਦਿਵਸ	World Rabies Day
4	ਅਕਤੂਬਰ	-	ਵਿਸ਼ਵ ਜਾਨਵਰ ਭਲਾਈ ਦਿਵਸ	World Animal Welfare Day
9	ਅਕਤੂਬਰ	-	ਵਿਸ਼ਵ ਆਂਡਾ ਦਿਵਸ	World Egg Day
4	ਦਸੰਬਰ	-	ਖੇਤੀਬਾੜੀ ਵਿੱਚ "ਮਹਿਲਾ" ਦਿਵਸ	Women in Agriculture day
23	ਦਸੰਬਰ	-	ਕਿਸਾਨ ਦਿਵਸ	Kisan Divas

ਬਰਸਾਤੀ ਮੌਸਮ ਦੌਰਾਨ ਪਸ਼ੂ-ਪਾਲਕਾਂ ਲਈ ਸੁਨੇਹੇ

- ਬਰਸਾਤੀ ਮੌਸਮ ਦੌਰਾਨ ਫੁਆਰੇ ਬੰਦ ਕਰ ਦਿਓ ਪਰ ਪੱਖੇ ਜ਼ਰੂਰ ਚਲਦੇ ਰਹਿਣ ਦਿਓ।
- ਫੀਡ ਐਨੀ ਕੁ ਬਣਾਓ ਕਿ ਲੱਗਭਗ ਦੋ ਹਫਤਿਆਂ ਵਿੱਚ ਖਤਮ ਹੋ ਜਾਵੇ।
- ਛੂਤ ਦੀਆਂ ਬਿਮਾਰੀਆਂ ਅਤੇ ਚਿਚੜਾਂ ਦੀ ਰੋਕਥਾਮ ਲਈ ਯੋਗ ਉਪਰਾਲੇ ਕਰੋ।
- ਮੱਝਾਂ ਦਾ ਸੂਆ ਸੌਣ-ਭਾਦੋਂ ਵਿੱਚ ਪੈ ਜਾਂਦਾ ਹੈ।
- ਸੂਣ ਉਪਰੰਤ ਪਸ਼ੂ ਨੂੰ ਗੁੜ ਖੁਆਓ। ਪੀਣ ਲਈ ਤਾਜ਼ਾ ਪਾਣੀ ਦਿਓ।
- ਕੱਟੜੂ ਦੀਆਂ ਨਾਸਾਂ ਸਾਫ਼ ਕਰੋ, ਛੇਤੀ ਤੋਂ ਛੇਤੀ ਬੋਹਲੀ ਪਿਲਾਓ। ਨਾੜੂਆ ਧੋ ਕੇ ਧਾਗੇ ਨਾਲ ਬੰਨ ਦਿਓ ਤੇ ਮਲੱਪ ਰਹਿਤ ਕਰਦੇ ਰਹੋ।
- ਬੱਕਰ-ਈਦ ਵੇਲੇ ਵਾਧੂ ਬੱਕਰਿਆਂ ਨੂੰ ਵੇਚ ਕੇ ਵਧੀਆ ਕਮਾਈ ਕਰੋ।
- ਕਮਜ਼ੋਰ, ਵਿੰਗੀਆਂ ਲੱਤਾਂ, ਖਰਾਬ ਥਣ, ਨਵੇਂ ਦੁੱਧ ਨਾ ਹੋਣ ਵਾਲੀਆਂ ਜਾਂ ਘੱਟ ਦੁੱਧ ਪੈਦਾ ਕਰਨ ਵਾਲੀਆਂ ਬੱਕਰੀਆਂ ਦੀ ਛਾਂਟੀ ਕਰ ਦਿਓ।
- ਬੱਕਰੀਆਂ ਨੂੰ ਹੇਹੇ ਦੀਆਂ ਨਿਸ਼ਾਨੀਆਂ ਲਈ ਤੱਕੋ।
- ਗੱਭਣ ਸੂਰੀਆਂ ਨੂੰ ਸੂਣ ਤੋਂ 10 ਦਿਨ ਪਹਿਲਾਂ ਪ੍ਰਸੂਤੀ ਖਾਨੇ ਵਿੱਚ ਬਦਲ ਦਿਓ।
- ਬਿਮਾਰ ਸੂਰਾਂ ਨੂੰ ਵੀ ਅਲੱਗ ਖਾਨੇ ਵਿੱਚ ਰੱਖੋ।
- ਮੁਰਗੀਆਂ ਦੇ ਸ਼ੈੱਡ ਅੰਦਰ ਹਵਾ ਦਾ ਵਹਾਓ ਤੇਜ਼ ਕਰੋ।
- ਅੰਡੇ ਸ਼ੁਰੂ ਹੋਣ ਨਾਲ ਮੁਰਗੀਆਂ ਲਈ ਕੈਲਸ਼ੀਅਮ ਦੀ ਲੋੜ ਵੱਧਦੀ ਹੈ। ਫੀਡ ਵਿੱਚ ਕੈਲਸ਼ੀਅਮ ਵਧਾ ਦਿਓ।
- ਮੱਕੀ ਦੀ ਕਟਾਈ ਦੋਧੇ ਦਾਣੇ 'ਤੇ, ਬਾਜਰੇ ਦੀ ਜਦੋਂ ਸਿੱਟੇ ਨਿਕਲਣੇ ਸ਼ੁਰੂ ਹੋਣ, ਚਰ੍ਹੀ ਦੀ ਦੋਧੇ ਦੀ ਅਵੱਸਥਾ ਵਿੱਚ ਅਤੇ ਨੇਪੀਅਰ ਬਾਜਰੇ ਦੀ ਇੱਕ ਮੀਟਰ ਲੰਬਾਈ ਹੋਣ ਤੇ ਕਰ ਲਵੋ।
- ਨਦੀਨਾਂ ਦੀ ਰੋਕਥਾਮ ਲਈ ਮੱਕੀ, ਚਰ੍ਹੀ ਅਤੇ ਬਾਜਰੇ ਵਿੱਚ ਐਟਰਾਜੀਨ ਦਾ ਛਿੜਕਾਅ ਅੱਧ ਅਗੱਸਤ ਤੋਂ ਬਾਅਦ ਨਾ ਕਰੋ।

ਪਸ਼ੂਧਨ, ਮੁਰਗੀ ਪਾਲਣ ਅਤੇ ਮੱਛੀ ਪਾਲਣ ਹੈ ਵਰਦਾਨ, ਚੋਖੀ ਕਮਾਈ ਨਾਲੇ ਘਰ ਦੀ ਸ਼ਾਨ...

ਸੰਯੁਕਤ ਮੱਛੀ ਅਤੇ ਸੂਰ ਪਾਲਣ ਨਾਲ ਚੋਖਾ ਮੁਨਾਫਾ

ਕ੍ਰਿਸ਼ੀ ਵਿਗਿਆਨ ਕੇਂਦਰ, ਤਰਨ ਤਾਰਨ ਦੀ ਰਹਿਨੁਮਾਈ ਹੇਠ, ਮੱਛੀ ਕਮ ਸੂਰ ਪਾਲਣ ਯੂਨਿਟ ਦੀ ਸਥਾਪਨਾ 03.06.2019 ਨੂੰ ਸ. ਗੁਰ ਚੇਤਨ ਦੀਪ ਸਿੰਘ ਦੁਆਰਾ ਪਿੰਡ ਛਾਪਰੀ ਸਾਹਿਬ, ਤਰਨ ਤਾਰਨ ਵਿਖੇ ਕੀਤੀ ਗਈ ਸੀ। 20.06.2020 ਨੂੰ ਸਤਿਕਾਰਯੋਗ ਵਾਈਸ ਚਾਂਸਲਰ ਡਾ: ਇੰਦਰਜੀਤ ਸਿੰਘ, ਵੈਟਨਰੀ ਯੂਨੀਵਰਸਿਟੀ, ਲੁਧਿਆਣਾ ਨੇ ਏਕੀਕ੍ਰਿਤ ਮੱਛੀ ਕਮ ਪਿਗ ਫਾਰਮ ਦਾ ਦੌਰਾ ਕੀਤਾ ਅਤੇ ਕਿਸਾਨਾਂ ਨਾਲ ਗੱਲਬਾਤ ਕੀਤੀ। ਸ. ਗੁਰ ਚੇਤਨ ਦੀਪ ਨੇ ਆਪਣੇ ਏਕੀਕ੍ਰਿਤ ਫਾਰਮ ਪ੍ਰਬੰਧਨ ਜਿਵੇਂ ਕਿ ਸੂਰ ਦੀ ਰਹਿੰਦ-ਖੂੰਹਦ 'ਤੇ ਨਿਰਭਰ ਕਰਦਿਆਂ ਮੱਛੀ ਪਾਲਣ ਨੂੰ ਜੀਰੋ ਫੀਡਿੰਗ ਬਾਰੇ ਦੱਸਿਆ। ਇਸ ਅਭਿਆਸ ਨੂੰ ਕਰਨ ਨਾਲ ਉਹ ਪ੍ਰਤੀ ਫਸਲ ਦੇ ਲਗਭਗ 60,000 ਤੋਂ 70,000 ਰੁਪਏ ਦੀ ਬਚਤ ਕਰ ਰਿਹਾ ਹੈ ਅਤੇ ਆਸਾਨੀ ਨਾਲ ਸੂਰ ਕੂੜੇਦਾਨ ਦਾ ਪ੍ਰਬੰਧ ਬਿਨਾਂ ਕਿਸੇ ਸਮੱਸਿਆ ਦੇ ਕਰ ਰਿਹਾ ਹੈ। ਕੇ.ਵੀ.ਕੇ ਵਿਗਿਆਨੀ ਨਿਯਮਤ ਤੌਰ ਤੇ ਪਾਣੀ ਅਤੇ ਮਿੱਟੀ ਦੇ ਗੁਣਾਂ ਦੇ ਮਾਪਦੰਡਾਂ ਦੀ ਨਿਗਰਾਨੀ ਕਰਦੇ ਹਨ ਅਤੇ ਸਾਰੇ ਮਾਪਦੰਡ ਸਰਵੋਤਮ ਪੱਧਰ ਵਿੱਚ ਹੁੰਦੇ ਹਨ। ਪਹਿਲਾਂ, ਉਸ ਦੁਆਰਾ 1400 ਕਿਲੋ ਮੱਛੀ ਦਾ ਮੰਡੀਕਰਨ ਕੀਤਾ ਗਿਆ ਉਸਨੇ ਉਹੀ 100 ਰੁਪਏ ਪ੍ਰਤੀ ਕਿਲੋਗ੍ਰਾਮ ਵਿੱਚ ਵੇਚੀ ਅਤੇ ਹੁਣ 2000 ਕਿਲੋ ਸੂਰ ਵਿਕਰੀ ਲਈ ਤਿਆਰ ਹਨ ਅਤੇ ਚੰਗੀ ਮਾਰਕੀਟ ਕੀਮਤ ਦੀ ਉਡੀਕ ਵਿੱਚ ਹਨ। ਡਾ: ਇੰਦਰਜੀਤ ਸਿੰਘ ਨੇ ਵਧੀਆ ਏਕੀਕ੍ਰਿਤ ਪਸ਼ੂ ਪਾਲਣ ਪ੍ਰਣਾਲੀ ਨੂੰ ਅਪਣਾਉਣ ਲਈ ਕੇ.ਵੇ.ਕੇ ਦੇ ਵਿਗਿਆਨੀਆਂ ਅਤੇ ਕਿਸਾਨਾਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ।

ਕੇ ਵੀ ਕੇ ਬਰਨਾਲਾ ਦੇ ਵੱਖ-ਵੱਖ ਪ੍ਰਦਰਸ਼ਨੀ ਯੂਨਿਟ - ਕਿਸਾਨਾਂ ਲਈ ਖਿੱਚ ਦਾ ਸਰੋਤ

ਬੀਟਲ ਬੱਕਰੀ ਯੂਨਿਟ

ਮੁਰਗੀ ਯੂਨਿਟ

ਮੱਛੀ ਤਲਾਬ

ਅਜੋਲਾ ਯੂਨਿਟ

ਸ਼ੱਹਿਦ ਮੱਖੀ ਯੂਨਿਟ

ਨੈੱਟ ਹਾਊਸ ਯੂਨਿਟ

ਮਿਨੀ ਸਪ੍ਰਿੰਕਲਰ ਯੂਨਿਟ

ਬਿਨਾਂ ਊਰਜਾ ਤੋਂ ਚੱਲਣ ਵਾਲਾ ਫਰਿੱਜ

ਰਾਜ ਕੁਮਾਰ ਡੱਲਾ - ਇੱਕ ਪ੍ਰਗਤੀਸ਼ੀਲ ਸੰਯੁਕਤ ਮੱਛੀ ਅਤੇ ਮੁਰਗੀ ਪਾਲਕ

ਕੇ.ਵੀ.ਕੇ. ਮੋਹਾਲੀ ਦਾ ਸਹਿਯੋਗ

ਰਾਸ਼ਟਰੀ ਮੱਛੀ ਪਾਲਕ ਦਿਵਸ ਤੇ ਕਿਸਾਨ ਨੂੰ ਸਮਰਪਿਤ ਕਵਿਤਾ- 'ਧੰਨਵਾਦ'

ਜਨਮ ਦਾਤਾ ਦੇਹ ਦਿੱਤੀ, ਰੱਬ ਪਾਈ ਜਾਨ,
ਕੁਦਰਤ ਅਨਮੋਲ ਸਰੋਤ ਦਿੱਤੇ, ਅਨ ਉਪਜਾਏ ਕਿਸਾਨ।
ਮਿੱਟੀ ਪਾਣੀ ਭੋਜਨ ਦਿੱਤਾ, ਸਦਕੇ ਕੁਦਰਤੀ ਵਰਦਾਨ,
ਅਨਦਾਤਾ ਪੋਸ਼ਣ ਸੁਰੱਖਿਆ ਦਿੱਤੀ, ਨਹੀ ਭੁੱਲਣਾ ਅਹਿਸਾਨ।
ਹਰੀ ਕ੍ਰਾਂਤੀ ਅਨਾਜ ਦਿੱਤਾ, ਚਿੱਟੀ ਕ੍ਰਾਂਤੀ ਵਧਾਈ ਸ਼ਾਨ,
ਨੀਲੀ ਕ੍ਰਾਂਤੀ ਮੱਛੀ ਦਿੱਤੀ, ਰਹਿਣ ਵੱਸਦੇ ਸਾਡੇ ਕਿਸਾਨ।
ਮੱਛੀ ਭਰਪੂਰ ਸਹਿਤ ਦਿੱਤੀ, ਵਿਸ਼ਵ'ਚ ਦੂਜਾ ਸਥਾਨ,
ਆਰਥਿਕ ਖੁਸ਼ਹਾਲੀ ਦਿੱਤੀ, ਮੱਛੀ ਪਾਲਕਾਂ ਦਾ ਦਿਲੋਂ ਸਨਮਾਨ।
ਮੇਰਾ ਦੇਸ਼ ਮਹਾਨ ..... ਮੇਰਾ ਕਿਸਾਨ ਮੇਰਾ ਮਾਨ ! ਧੰਨਵਾਦ

ਡਾ. ਮੀਰਾ ਡੀ ਆਂਸਲ